BC CANCER BREAST SCREENING
Provincial Health Services Authority

For Breast Screening Program Use - Do Not Distribute or Post

# ਛਾਤੀ ਦੀ ਜਾਂਚ ਦੁਬਾਰਾ ਸ਼ੁਰੂ ਹੋਣ ਬਾਰੇ ਸਵਾਲ ਅਤੇ ਜਵਾਬ

ਅਡੀਸ਼ਨ: 27 ਮਈ, 2020

---

## 1. ਬੀ ਸੀ ਵਿਚ ਛਾਤੀ ਦੀ ਜਾਂਚ ਦੀ ਕੀ ਸਥਿਤੀ ਹੈ?

- ਬੀ ਸੀ ਕੈਂਸਰ ਬਰੈੱਸਟ ਸਕਰੀਨਿੰਗ ਪ੍ਰੋਗਰਾਮ, ਮੈਮੋਗ੍ਰਾਫੀ ਦੀ ਸਕਰੀਨਿੰਗ ਦੀਆਂ ਸੇਵਾਵਾਂ ਚੋਣਵੇਂ ਸਕਰੀਨਿੰਗ ਸੈਂਟਰਾਂ ਵਿਚ ਜੂਨ ਤੋਂ ਸ਼ੁਰੂ ਕਰੇਗਾ।
- ਇਹ ਉਮੀਦ ਕੀਤੀ ਜਾ ਰਹੀ ਹੈ ਕਿ ਸਾਰੀਆਂ ਥਾਂਵਾਂ, ਜਿਨ੍ਹਾਂ ਵਿਚ ਸਕਰੀਨਿੰਗ ਦੇ ਤਿੰਨ ਚਲਦੇ ਫਿਰਦੇ ਯੂਨਿਟ ਵੀ ਸ਼ਾਮਲ ਹਨ, ਜੁਲਾਈ ਤੋਂ ਦੁਬਾਰਾ ਟੈੱਸਟ ਕਰਨਗੀਆਂ।
- ਛਾਤੀ ਦੀ ਜਾਂਚ ਮਾਰਚ 2020 ਵਿਚ ਆਰਜ਼ੀ ਤੌਰ ’ਤੇ ਬੰਦ ਕਰ ਦਿੱਤੀ ਗਈ ਸੀ ਤਾਂ ਜੋ ਸਰੀਰਕ ਫਾਸਲਾ ਰੱਖਣ ਵਿਚ ਅਤੇ ਸਿਹਤਮੰਦ ਲੋਕਾਂ ਵਿਚ ਕੋਵਿਡ-19 ਦੇ ਜਾਣ ਨੂੰ ਘੱਟ ਤੋਂ ਘੱਟ ਕਰਨ ਦੇ ਯਤਨਾਂ ਵਿਚ ਮਦਦ ਕੀਤੀ ਜਾ ਸਕੇ। ਇਸ ਨਾਲ ਹਸਪਤਾਲਾਂ ਦੀ ਲਾਜ਼ਮੀ ਹੈਲਥ-ਕੇਅਰ ਵਰਕਰਾਂ ਨੂੰ ਦੂਜੀ ਥਾਂ ਲਗਾਉਣ ਅਤੇ ਟਰੇਂਡ ਕਰਨ ਵਿਚ ਮਦਦ ਹੋਈ ਤਾਂ ਜੋ ਉਹ ਕੋਵਿਡ-19 ਦੀ ਇਨਫੈਕਸ਼ਨ ਵਾਲੇ ਅਤੇ ਅਕਿਊਟ ਕੇਅਰ ਦੀ ਲੋੜ ਵਾਲੇ ਮਰੀਜ਼ਾਂ ਵਿਚ ਸੰਭਾਵੀ ਵਾਧੇ ਦਾ ਜਵਾਬ ਦੇ ਸਕਣ।

## 2. ਮੇਰੀ ਜਾਂਚ ਦੀ ਅਪੌਇੰਟਮੈਂਟ ਦੌਰਾਨ ਮੈਨੂੰ ਸੁਰੱਖਿਅਤ ਰੱਖਣ ਲਈ ਕਿਹੜੇ ਉਪਾ ਕੀਤੇ ਗਏ ਹਨ?

- ਬੀ ਸੀ ਕੈਂਸਰ ਬਰੈੱਸਟ ਸਕਰੀਨਿੰਗ, ਮੈਮੋਗ੍ਰਾਫੀ ਦੀਆਂ ਅਪੌਇੰਟਮੈਂਟਾਂ ਦੌਰਾਨ ਮਰੀਜ਼ਾਂ ਅਤੇ ਹੈਲਥਕੇਅਰ ਪ੍ਰਦਾਨ ਕਰਨ ਵਾਲਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਅਸੀਂ ਕਈ ਉਪਾ ਕੀਤੇ ਹਨ ਜਿਹੜੇ ਕੈਂਸਰ ਦੀ ਸੁਰੱਖਿਅਤ ਜਾਂਚ ਕਰਨ ਵਿਚ ਮਦਦ ਕਰਦੇ ਹਨ:
    - ਬਿਲਡਿੰਗ ਜਾਂ ਬਰੈੱਸਟ ਸਕਰੀਨਿੰਗ ਸੈਂਟਰ ਵਿਚ ਦਾਖਲ ਹੋਣ ਵਾਲੀ ਥਾਂ ’ਤੇ ਮਰੀਜ਼ਾਂ ਦੀ ਕੋਵਿਡ-19 ਦੀਆਂ ਨਿਸ਼ਾਨੀਆਂ ਲਈ ਜਾਂਚ ਕੀਤੀ ਜਾਵੇਗੀ।
    - ਆਪਣੀ ਅਪੌਇੰਟਮੈਂਟ ’ਤੇ ਆਉਣ ਬਾਰੇ ਸਕਰੀਨਿੰਗ ਸੈਂਟਰਾਂ ਦੀਆਂ ਖਾਸ ਹਿਦਾਇਤਾਂ ਹੋ ਸਕਦੀਆਂ ਹਨ, ਜਿਵੇਂ ਕਿ ਆਪਣੀ ਅਪੌਇੰਟਮੈਂਟ ਲਈ ਬਹੁਤ ਪਹਿਲਾਂ ਨਹੀਂ ਆਉਣਾ। ਇਹ ਸੈਂਟਰ ਦੇ ਅੰਦਰ ਇਕ ਸਮੇਂ ’ਤੇ ਸਰੀਰਕ ਫਾਸਲੇ ਨੂੰ ਉਤਸ਼ਾਹ ਦੇਣ ਲਈ ਅਤੇ ਮਰੀਜ਼ਾਂ ਦੀ ਗਿਣਤੀ ਘਟਾਉਣ ਲਈ ਹੈ।
    - ਸਰੀਰਕ ਫਾਸਲੇ ਵਿਚ ਮਦਦ ਕਰਨ ਲਈ, ਸਕਰੀਨਿੰਗ ਸੈਂਟਰ ਉਡੀਕ ਕਰਨ ਵਾਲੇ ਏਰੀਏ ਦੀ ਤਰਤੀਬ ਬਦਲਣਗੇ ਅਤੇ ਅਪੌਇੰਟਮੈਂਟਾਂ ਵਿਚਕਾਰ ਜ਼ਿਆਦਾ ਸਮਾਂ ਦੇਣਗੇ।
    - ਮੈਮੋਗ੍ਰਾਫੀ ਦੇ ਸਾਜ਼-ਸਾਮਾਨ ਅਤੇ ਜਾਂਚ ਕਰਨ ਵਾਲੇ ਕਮਰਿਆਂ ਨੂੰ ਸੂਬੇ ਦੀਆਂ ਗਾਈਡਲਾਈਨਾਂ ਮੁਤਾਬਕ ਅਕਸਰ ਸਾਫ ਅਤੇ ਸੈਨੀਟਾਈਜ਼ ਕੀਤਾ ਜਾਵੇਗਾ।
    - ਉਡੀਕ ਕਰਨ ਵਾਲੇ ਕਮਰੇ (ਵੇਟਿੰਗ ਰੂਮ) ਵਿਚ ਤੁਹਾਡੇ ਸਮੇਂ ਨੂੰ ਘੱਟ ਤੋਂ ਘੱਟ ਕਰਨ ਲਈ ਅਤੇ ਜਰਾਸੀਮਾਂ ਦੇ ਫੈਲਣ ਨੂੰ ਰੋਕਣ ਵਿਚ ਮਦਦ ਕਰਨ ਲਈ, ਪੇਪਰਾਂ ਉੱਪਰ ਜਾਣਕਾਰੀ ਲੈਣ ਨੂੰ ਆਰਜ਼ੀ ਤੌਰ ’ਤੇ ਬੰਦ ਕਰ ਦਿੱਤਾ ਗਿਆ ਹੈ।

- ਹੈਲਥਕੇਅਰ ਸਟਾਫ ਨਿੱਜੀ ਹਿਫਾਜ਼ਤ ਦਾ ਸਾਜ਼-ਸਾਮਾਨ (ਪੀ ਪੀ ਈ) ਪਾਵੇਗਾ ਜਿਸ ਵਿਚ ਸਰਜੀਕਲ ਮਾਸਕ ਅਤੇ ਅੱਖਾਂ ਦੀ ਢੁਕਵੀਂ ਸੁਰੱਖਿਆ ਸ਼ਾਮਲ ਹਨ।
- ਹੈਲਥ ਕੇਅਰ ਦੇ ਸਟਾਫ ਨੂੰ ਇਹ ਹਿਦਾਇਤ ਕੀਤੀ ਗਈ ਹੈ ਕਿ ਜੇ ਉਹ ਬੀਮਾਰ ਹੋਣ ਤਾਂ ਘਰ ਰਹਿਣ ਅਤੇ ਕੰਮ ’ਤੇ ਨਾ ਆਉਣ।
- ਹੈਂਡ ਸੈਨੀਟਾਈਜ਼ਰ ਅਤੇ/ਜਾਂ ਹੱਥ ਧੋਣ ਵਾਲੇ ਸਟੇਸ਼ਨ ਉਪਲਬਧ ਹੋਣਗੇ।
- ਬਿਨਾਂ ਅਪੌਇੰਟਮੈਂਟ ਬਣਾਏ “ਆ ਜਾਣ” ਨੂੰ ਇਸ ਸਮੇਂ ਪ੍ਰਵਾਨ ਨਹੀਂ ਕੀਤਾ ਜਾਵੇਗਾ।

**3. ਕੀ ਮੇਰੀ ਸਕਰੀਨਿੰਗ ਮੈਮੋਗ੍ਰਾਫੀ ਟੈਕਨੌਲੋਜਿਸਟ ਨੂੰ ਜਾਂਚ ਕਰਨ ਦੌਰਾਨ ਮੇਰੇ ਨੇੜੇ ਆਉਣ ਦੀ ਲੋੜ ਪਵੇਗੀ?**

- ਮੈਮੋਗ੍ਰਾਮ ਕਰਨ ਲਈ ਟੈਕਨੌਲੋਜਿਸਟ ਨੂੰ ਤੁਹਾਡੀ ਛਾਤੀ ਇਕ ਖਾਸ ਐਕਸਰੇ ਮਸ਼ੀਨ ਉੱਪਰ ਰੱਖਣ ਦੀ ਲੋੜ ਹੁੰਦੀ ਹੈ। ਸਭ ਤੋਂ ਬਿਹਤਰ ਚਿੱਤਰ ਲੈਣ ਵਾਸਤੇ, ਤੁਹਾਨੂੰ ਸਹੀ ਥਾਂ ਵਿਚ ਰੱਖਣ ਵਿਚ ਮਦਦ ਕਰਨ ਲਈ ਟੈਕਨੌਲੋਜਿਸਟ ਨੂੰ ਥੋੜ੍ਹੇ ਜਿਹੇ ਸਮੇਂ ਲਈ ਤੁਹਾਡੇ ਨੇੜੇ ਆਉਣ ਦੀ ਲੋੜ ਪਵੇਗੀ। ਤੁਹਾਡੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਰੀਆਂ ਟੈਕਨੌਲੋਜਿਸਟਾਂ ਨੇ ਪੀ ਪੀ ਈ ਪਾਇਆ ਹੋਵੇਗਾ।

**4. ਮੇਰੀ ਪਹਿਲਾਂ ਅਪੌਇੰਟਮੈਂਟ ਬਣੀ ਹੋਈ ਸੀ ਜਿਹੜੀ ਕੋਵਿਡ-19 ਕਰਕੇ ਕੈਂਸਲ ਕਰ ਦਿੱਤੀ ਗਈ ਸੀ। ਮੈਨੂੰ ਕੀ ਕਰਨਾ ਚਾਹੀਦਾ ਹੈ?**

- ਨਵੀਂ ਅਪੌਇੰਟਮੈਂਟ ਬਣਾਉਣ ਲਈ ਤੁਹਾਡੇ ਨਾਲ ਫੋਨ ਰਾਹੀਂ ਸੰਪਰਕ ਕੀਤਾ ਜਾਵੇਗਾ।
- ਜੇ ਤੁਹਾਡੇ ਨਾਲ 15 ਜੂਨ ਤੱਕ ਸੰਪਰਕ ਨਹੀਂ ਕੀਤਾ ਜਾਂਦਾ ਤਾਂ ਕਿਰਪਾ ਕਰਕੇ ਬਰੈੱਸਟ ਸਕਰੀਨਿੰਗ ਪ੍ਰੋਗਰਾਮ ਨਾਲ 1-800-663-9203 ’ਤੇ ਸੰਪਰਕ ਕਰੋ।

**5. ਮੇਰਾ ਟੈੱਸਟ ਹੋਣ ਵਾਲਾ ਹੈ ਪਰ ਮੈਨੂੰ ਚੇਤੇ ਕਰਵਾਉਣ ਲਈ ਚਿੱਠੀ ਨਹੀਂ ਮਿਲੀ ਅਤੇ ਅਜੇ ਮੇਰੀ ਅਪੌਇੰਟਮੈਂਟ ਬੁੱਕ ਨਹੀਂ ਹੋਈ। ਮੈਨੂੰ ਕੀ ਕਰਨਾ ਚਾਹੀਦਾ ਹੈ?**

- ਆਪਣੀ ਅਪੌਇੰਟਮੈਂਟ ਬੁੱਕ ਕਰਨ ਲਈ, ਕਿਰਪਾ ਕਰਕੇ ਚੇਤੇ ਕਰਵਾਉਣ ਵਾਲੀ ਆਪਣੀ ਚਿੱਠੀ ਮਿਲਣ ਤੱਕ ਉਡੀਕ ਕਰੋ। ਅਸੀਂ ਚੇਤੇ ਕਰਵਾਉਣ ਵਾਲੀਆਂ ਚਿੱਠੀਆਂ ਜੂਨ ਵਿਚ ਡਾਕ ਰਾਹੀਂ ਭੇਜਣਾ ਸ਼ੁਰੂ ਕਰਾਂਗੇ। ਤੁਹਾਨੂੰ ਆਪਣੀ ਚਿੱਠੀ ਗਰਮੀਆਂ ਦੇ ਅੰਤ ਦੇ ਨੇੜੇ ਮਿਲ ਸਕਦੀ ਹੈ ਕਿਉਂਕਿ ਆਮ ਨਾਲੋਂ ਜ਼ਿਆਦਾ ਚਿੱਠੀਆਂ ਭੇਜੀਆਂ ਜਾਣੀਆਂ ਹਨ। ਇਸ ਸਮੇਂ ਧੀਰਜ ਰੱਖਣ ਲਈ ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ।

**6. ਸਕਰੀਨਿੰਗ ਮੈਮੋਗ੍ਰਾਫੀ ਲਈ ਕੀ ਕੋਈ ਉਡੀਕ-ਲਿਸਟਾਂ ਹਨ? ਜਾਂਚ ਹੋਣ ਤੋਂ ਪਹਿਲਾਂ ਮੈਨੂੰ ਕਿੰਨਾ ਸਮਾਂ ਉਡੀਕ ਕਰਨੀ ਪਵੇਗੀ?**

- ਅਪੌਇੰਟਮੈਂਟਾਂ ਲਈ ਉਡੀਕ-ਲਿਸਟਾਂ ਆਮ ਨਾਲੋਂ ਜ਼ਿਆਦਾ ਲੰਬੀਆਂ ਹੋ ਸਕਦੀਆਂ ਹਨ ਕਿਉਂਕਿ ਸਕਰੀਨਿੰਗ ਸੈਂਟਰਾਂ ਨੇ ਪਹਿਲਾਂ ਕੈਂਸਲ ਹੋਈਆਂ ਅਪੌਇੰਟਮੈਂਟਾਂ ਬਣਾਉਣੀਆਂ ਹਨ।
- ਸਕਰੀਨਿੰਗ ਸੈਂਟਰ ਜ਼ਿਆਦਾ ਘੰਟੇ ਕੰਮ ਕਰ ਰਹੇ ਹਨ ਤਾਂ ਜੋ ਇਹ ਪੱਕਾ ਹੋਵੇ ਕਿ ਉਹ ਪਹਿਲਾਂ ਕੈਂਸਲ ਹੋਈਆਂ ਅਪੌਇੰਟਮੈਂਟਾਂ ਨੂੰ ਸੁਰੱਖਿਅਤ ਤਰੀਕੇ ਨਾਲ ਪੂਰੀਆਂ ਕਰ ਰਹੇ ਹਨ। ਇਸ ਸਮੇਂ ਧੀਰਜ ਰੱਖਣ ਲਈ ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ।

- ਛਾਤੀ ਦੀ ਜਾਂਚ ਉਨ੍ਹਾਂ ਔਰਤਾਂ ਲਈ ਇਕ ਗੈਰ-ਜ਼ਰੂਰੀ ਟੈੱਸਟ ਹੈ ਜਿਨ੍ਹਾਂ ਵਿਚ ਬੀਮਾਰੀ ਦੀਆਂ ਕੋਈ ਨਿਸ਼ਾਨੀਆਂ ਨਹੀਂ ਹਨ। ਇਹ ਬਹੁਤ ਜ਼ਰੂਰੀ ਹੈ ਕਿ ਜੇ ਤੁਸੀਂ ਆਪਣੀ ਛਾਤੀ (ਛਾਤੀਆਂ) ਵਿਚ ਕੋਈ ਨਵੀਂਆਂ ਤਬਦੀਲੀਆਂ ਦੇਖੋ ਤਾਂ ਤੁਸੀਂ ਫੌਰਨ ਆਪਣੇ ਡਾਕਟਰ ਨਾਲ ਗੱਲ ਕਰਨੀ ਹੈ।

**7. ਜੇ ਮੈਂ ਛਾਤੀ ਦੀ ਜਾਂਚ ਵਿਚ ਦੇਰੀ ਕਰਨ ਦੀ ਚੋਣ ਕਰਾਂ ਤਾਂ ਕੀ ਖਤਰੇ ਹਨ?**

- ਜਾਂਚ ਦਾ ਮਕਸਦ ਕੋਈ ਵੀ ਨਿਸ਼ਾਨੀਆਂ ਦਿਖਾਈ ਦੇਣ ਤੋਂ ਪਹਿਲਾਂ ਕੈਂਸਰਾਂ ਦਾ ਛੇਤੀ ਪਤਾ ਲਾਉਣਾ ਹੈ। ਜਾਂਚ ਲਈ ਨੇਮ ਨਾਲ ਵਾਪਸ ਆਉਣਾ, ਜਦੋਂ ਤੁਹਾਨੂੰ ਚੇਤੇ ਕਰਵਾਉਣ ਵਾਲੀ ਚਿੱਠੀ ਮਿਲਦੀ ਹੈ, ਛਾਤੀ ਦੀ ਕੈਂਸਰ ਹੋਣ ਦੇ ਤੁਹਾਡੇ ਖਤਰੇ ਨੂੰ ਘੱਟ ਤੋਂ ਘੱਟ ਕਰਨ ਵਿਚ ਮਦਦ ਕਰਦਾ ਹੈ। ਫਿਰ ਵੀ, ਉਨ੍ਹਾਂ ਔਰਤਾਂ ਲਈ ਸਕਰੀਨਿੰਗ ਮੈਮੋਗ੍ਰਾਮਜ਼ ਵਿਚ ਦੇਰੀ ਕਾਰਨ, ਜਿਨ੍ਹਾਂ ਵਿਚ ਛਾਤੀ ਦੀਆਂ ਕੋਈ ਨਿਸ਼ਾਨੀਆਂ ਨਹੀਂ ਹੁੰਦੀਆਂ, ਬਹੁਤੇ ਮਰੀਜ਼ਾਂ ਲਈ ਕੋਈ ਗੰਭੀਰ ਨੁਕਸਾਨ ਪੈਦਾ ਹੋਣ ਦੀ ਸੰਭਾਵਨਾ ਨਹੀਂ ਹੈ, ਖਾਸ ਕਰਕੇ ਜੇ ਦੇਰੀ ਸਿਰਫ ਕੁਝ ਕੁ ਮਹੀਨਿਆਂ ਦੀ ਹੈ। ਹੋਰ ਦੇਰੀ ਨਾਲ ਖਤਰਾ ਹੌਲੀ ਹੌਲੀ ਵਧ ਜਾਵੇਗਾ, ਪਰ ਅਸੀਂ ਹਰ ਇਕ ਨੂੰ ਜਾਂਚ ਲਈ ਵਾਪਸ ਆਉਣ ਤੋਂ ਪਹਿਲਾਂ ਆਪਣੀ ਸਿਹਤ ਦੇ ਸਾਰੇ ਸਰੋਕਾਰਾਂ ਬਾਰੇ ਵਿਚਾਰ ਕਰਨ ਲਈ ਉਤਸ਼ਾਹ ਦਿੰਦੇ ਹਾਂ।
- ਜੇ ਤੁਸੀਂ ਆਪਣੀ ਛਾਤੀ (ਛਾਤੀਆਂ) ਵਿਚ ਕੋਈ ਨਵੀਂਆਂ ਤਬਦੀਲੀਆਂ ਦੇਖੋ ਤਾਂ ਫੌਰਨ ਆਪਣੇ ਡਾਕਟਰ ਕੋਲ ਜਾਉ।

**8. ਮੇਰੇ ਟੈੱਸਟ ਦਾ ਨਤੀਜਾ ਅਸਾਧਾਰਨ (ਅਬਨੌਰਮਲ) ਆਇਆ ਸੀ ਅਤੇ ਪੈਰਵੀ ਲਈ ਅਜੇ ਮੇਰੀ ਕੋਈ ਅਪੌਇੰਟਮੈਂਟ ਨਹੀਂ ਬਣੀ। ਮੈਨੂੰ ਕੀ ਕਰਨਾ ਚਾਹੀਦਾ ਹੈ?**

- ਪੈਰਵੀ ਲਈ ਅਪੌਇੰਟਮੈਂਟ ਬਣਾਉਣ ਲਈ ਤੁਹਾਡੇ ਨਾਲ ਰੋਗ ਦੀ ਪਛਾਣ ਕਰਨ ਵਾਲੀ ਥਾਂ ਵਲੋਂ ਫੋਨ ਰਾਹੀਂ ਸੰਪਰਕ ਕੀਤਾ ਜਾਵੇਗਾ। ਜੇ ਤੁਹਾਡੀ ਸਕਰੀਨਿੰਗ ਮੈਮੋਗ੍ਰਾਮ 18 ਮਾਰਚ, 2020 ਤੋਂ ਪਹਿਲਾਂ ਪੂਰੀ ਕੀਤੀ ਗਈ ਸੀ ਅਤੇ ਜੇ ਹੋਰ ਟੈੱਸਟਾਂ ਲਈ ਅਜੇ ਤੁਹਾਡੇ ਨਾਲ ਸੰਪਰਕ ਨਹੀਂ ਕੀਤਾ ਗਿਆ ਤਾਂ ਕਿਰਪਾ ਕਰਕੇ ਹੋਰ ਜਾਣਕਾਰੀ ਲਈ ਫੋਨ ਨੰਬਰ 1-800-663-9203 ’ਤੇ ਬਰੈੱਸਟ ਸਕਰੀਨਿੰਗ ਕਲਾਇੰਟ ਸਰਵਿਸਿਜ਼ ਨਾਲ ਸੰਪਰਕ ਕਰੋ।

**9. ਕੀ ਮੋਬਾਇਲ (ਚਲਦਾ ਫਿਰਦਾ) ਯੂਨਿਟ ਮੇਰੇ ਇਲਾਕੇ ਵਿਚ ਆ ਰਿਹਾ ਹੈ?**

- ਬੀ ਸੀ ਕੈਂਸਰ ਸਕਰੀਨਿੰਗ ਦੇ ਮੋਬਾਇਲ (ਚਲਦੇ ਫਿਰਦੇ) ਯੂਨਿਟ ਜੁਲਾਈ ਵਿਚ ਸਰਵਿਸ ਦੁਬਾਰਾ ਸ਼ੁਰੂ ਕਰਨਗੇ। ਕਿਰਪਾ ਕਰਕੇ ਇਹ ਦੇਖਣ ਲਈ ਕਲੀਨਿਕ ਲੋਕੇਟਰ ’ਤੇ ਜਾਉ ਕਿ ਮੋਬਾਇਲ ਯੂਨਿਟ ਤੁਹਾਡੇ ਇਲਾਕੇ ਵਿਚ ਕਦੋਂ ਆ ਰਿਹਾ ਹੈ।
- ਮਰੀਜ਼ਾਂ ਦੀ ਸੁਰੱਖਿਆ ਅਤੇ ਮੋਬਾਇਲ ਸਰਵਿਸ ਚਲਾਉਣ ਵਾਲੇ ਹੈਲਥਕੇਅਰ ਸਟਾਫ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਮੋਬਾਇਲ ਮੈਮੋਗ੍ਰਾਫੀ ਯੂਨਿਟ ਇਕ ਸੋਧੇ ਹੋਏ ਟਾਈਮ ਟੇਬਲ ਮੁਤਾਬਕ ਚੱਲਣਗੇ ਜਿਸ ਦਾ ਮਕਸਦ ਕੋਵਿਡ-19 ਲੱਗਣ ਦੇ ਖਤਰੇ ਨੂੰ ਘਟਾਉਣਾ ਹੈ।
- ਕੈਂਸਰ ਦੀ ਸੁਰੱਖਿਅਤ ਜਾਂਚ ਕਰਨ ਵਿਚ ਮਦਦ ਲਈ ਨਵੇਂ ਉਪਾ ਕੀਤੇ ਗਏ ਹੋਣਗੇ:
  - ਮੋਬਾਇਲ ਯੂਨਿਟਾਂ ਦੀ ਨੇਮ ਨਾਲ ਜ਼ਿਆਦਾ ਸਫਾਈ ਅਤੇ ਸੈਨੀਟਾਈਜ਼ੇਸ਼ਨ ਕੀਤੀ ਜਾਵੇਗੀ।
  - ਮੋਬਾਇਲ ਗੱਡੀ ਵਿਚ ਇਕ ਸਮੇਂ ਸਿਰਫ ਇਕ ਮਰੀਜ਼ ਜਾਣ ਦੀ ਆਗਿਆ ਦਿੱਤੀ ਜਾਵੇਗੀ।
  - ਬਿਨਾਂ ਅਪੌਇੰਟਮੈਂਟ ਬਣਾਏ “ਆ ਜਾਣ” ਨੂੰ ਇਸ ਸਮੇਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਜੇ ਤੁਸੀਂ ਅਪੌਇੰਟਮੈਂਟ ਬੁੱਕ ਕਰਵਾਉਣਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ 1-800-663-9203 ਨੂੰ ਫੋਨ ਕਰੋ।

- ਹੈਲਥਕੇਅਰ ਸਟਾਫ ਨਿੱਜੀ ਹਿਫਾਜ਼ਤ ਦਾ ਸਾਜ਼-ਸਾਮਾਨ (ਪੀ ਪੀ ਈ) ਪਾਵੇਗਾ ਜਿਸ ਵਿਚ ਸਰਜੀਕਲ ਮਾਸਕ, ਅੱਖਾਂ ਦੀ ਢੁਕਵੀਂ ਸੁਰੱਖਿਆ ਅਤੇ ਗਲੱਵ ਸ਼ਾਮਲ ਹਨ।
- ਹੈਂਡ ਸੈਨੀਟਾਈਜ਼ਰ ਉਪਲਬਧ ਹੋਣਗੇ।

**10. ਸਕਰੀਨਿੰਗ ਸੈਂਟਰ ਵਿਚ ਦਾਖਲ ਹੋਣ ਤੋਂ ਪਹਿਲਾਂ ਕੀ ਮੈਨੂੰ ਕੋਵਿਡ-19 ਲਈ ਚੈੱਕ ਕੀਤਾ ਜਾਵੇਗਾ?**

- ਹਾਂ। ਮਰੀਜ਼ਾਂ ਅਤੇ ਹੈਲਥ ਕੇਅਰ ਸਟਾਫ ਦੀ ਸਿਹਤ ਦੀ ਹਿਫਾਜ਼ਤ ਲਈ, ਬਿਲਡਿੰਗ ਜਾਂ ਬਰੈੱਸਟ ਸਕਰੀਨਿੰਗ ਸੈਂਟਰ ਦੇ ਸਥਾਨ ਵਿਚ ਦਾਖਲ ਹੋਣ ਵਾਲੀ ਥਾਂ 'ਤੇ ਮਰੀਜ਼ਾਂ ਦੀ ਕੋਵਿਡ-19 ਦੀਆਂ ਨਿਸ਼ਾਨੀਆਂ ਲਈ ਜਾਂਚ ਕੀਤੀ ਜਾਵੇਗੀ।
- ਬਹੁਤੇ ਕੇਸਾਂ ਵਿਚ, ਕੋਵਿਡ-19 ਦੀ ਜਾਂਚ ਕਰਨ ਲਈ ਹੈਲਥਕੇਅਰ ਦੇ ਸਟਾਫ ਵਲੋਂ ਕਈ ਸਵਾਲ ਪੁੱਛੇ ਜਾਣਗੇ।

**11. ਆਪਣੀ ਜਾਂਚ ਲਈ ਕੀ ਮੈਨੂੰ ਮਾਸਕ ਪਾਉਣ ਦੀ ਲੋੜ ਪਵੇਗੀ?**

- ਆਪਣੀ ਅਪੌਇੰਟਮੈਂਟ ਲਈ ਤੁਹਾਨੂੰ ਆਪਣਾ ਮਾਸਕ ਲਿਆਉਣ ਲਈ ਉਤਸ਼ਾਹ ਦਿੱਤਾ ਜਾਂਦਾ ਹੈ ਜੇ ਤੁਹਾਡੇ ਕੋਲ ਇਹ ਹੋਵੇ (ਸਰਜੀਕਲ ਜਾਂ ਘਰ ਬਣਾਇਆ)। ਤੁਹਾਡੀ ਅਤੇ ਹੋਰਨਾਂ ਦੀ ਰੱਖਿਆ ਲਈ, ਹੈਲਥਕੇਅਰ ਸਟਾਫ ਵੀ ਨਿੱਜੀ ਹਿਫਾਜ਼ਤ ਦਾ ਸਾਜ਼-ਸਾਮਾਨ (ਪੀ ਪੀ ਈ) ਪਾਵੇਗਾ ਜਿਸ ਵਿਚ ਸਰਜੀਕਲ ਮਾਸਕ, ਅੱਖਾਂ ਦੀ ਢੁਕਵੀਂ ਸੁਰੱਖਿਆ ਅਤੇ ਗਲੱਵ ਸ਼ਾਮਲ ਹਨ।

**12. ਮੈਂ ਆਪਣੀ ਜਾਂਚ ਦੇ ਨਤੀਜੇ ਕਦੋਂ ਮਿਲਣ ਦੀ ਉਮੀਦ ਰੱਖ ਸਕਦੀ ਹਾਂ?**

- ਤੁਹਾਨੂੰ ਆਪਣੇ ਨਤੀਜੇ ਤਕਰੀਬਨ ਤਿੰਨ ਹਫਤਿਆਂ ਵਿਚ ਮਿਲਣਗੇ।
- ਜੇ ਤੁਹਾਡਾ ਨਤੀਜਾ ਅਸਾਧਾਰਨ (ਅਬਨੌਰਮਲ) ਹੋਵੇ ਤਾਂ ਪੈਰਵੀ ਲਈ ਅਪੌਇੰਟਮੈਂਟ ਬਣਾਉਣ ਲਈ ਤੁਹਾਡੇ ਨਾਲ ਰੋਗ ਦੀ ਪਛਾਣ ਕਰਨ ਵਾਲੇ ਕੇਂਦਰ ਵਲੋਂ ਸਿੱਧਾ ਸੰਪਰਕ ਕੀਤਾ ਜਾਵੇਗਾ।

**13. ਜੇ ਮੇਰਾ ਨਤੀਜਾ ਅਸਾਧਾਰਨ ਆਇਆ ਹੋਵੇ ਤਾਂ ਪੈਰਵੀ ਲਈ ਅਪੌਇੰਟਮੈਂਟ ਬਣਾਉਣ ਵਿਚ ਕੋਈ ਦੇਰੀ ਹੋਵੇਗੀ?**

- ਜੇ ਤੁਹਾਡਾ ਨਤੀਜਾ ਅਸਾਧਾਰਨ ਆਇਆ ਹੋਵੇ ਤਾਂ ਬਰੈੱਸਟ ਸਕਰੀਨਿੰਗ ਪ੍ਰੋਗਰਾਮ ਅਗਾਂਹ ਹੋਰ ਪੈਰਵੀ ਲਈ ਤੁਹਾਨੂੰ ਰੋਗ ਦੀ ਪਛਾਣ ਕਰਨ ਵਾਲੇ ਕਿਸੇ ਸੈਂਟਰ ਕੋਲ ਰੈਫਰ ਕਰੇਗਾ।
- ਪੈਰਵੀ ਲਈ ਪ੍ਰੋਸੀਜ਼ਰ ਦੀ ਤਾਰੀਕ ਦੇ ਸੰਬੰਧ ਵਿਚ ਰੋਗ ਦੀ ਪਛਾਣ ਕਰਨ ਵਾਲਾ ਕੇਂਦਰ ਤੁਹਾਨੂੰ ਜ਼ਿਆਦਾ ਜਾਣਕਾਰੀ ਦੇਵੇਗਾ।

**14. ਮੇਰੇ ਵਿਚ ਇਸ ਵੇਲੇ ਨਿਸ਼ਾਨੀਆਂ ਦਿਖਾਈ ਦਿੰਦੀਆਂ ਹਨ? ਮੈਨੂੰ ਕੀ ਕਰਨਾ ਚਾਹੀਦਾ ਹੈ?**

- ਛਾਤੀ ਦੀ ਜਾਂਚ ਉਨ੍ਹਾਂ ਔਰਤਾਂ ਲਈ ਇਕ ਗੈਰ-ਜ਼ਰੂਰੀ ਟੈੱਸਟ ਹੈ ਜਿਨ੍ਹਾਂ ਵਿਚ ਬੀਮਾਰੀ ਦੀਆਂ ਕੋਈ ਨਿਸ਼ਾਨੀਆਂ ਨਹੀਂ ਹਨ। ਇਹ ਬਹੁਤ ਜ਼ਰੂਰੀ ਹੈ ਕਿ ਜੇ ਤੁਸੀਂ ਆਪਣੀ ਛਾਤੀ (ਛਾਤੀਆਂ) ਵਿਚ ਕੋਈ ਨਵੀਂਆਂ ਤਬਦੀਲੀਆਂ ਦੇਖੋ ਤਾਂ ਤੁਸੀਂ ਫੌਰਨ ਆਪਣੇ ਡਾਕਟਰ ਨਾਲ ਗੱਲ ਕਰਨੀ ਹੈ।

**15. ਮੈਂ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਹਾਂ। ਮੈਨੂੰ ਕੀ ਜਾਣਨਾ ਚਾਹੀਦਾ ਹੈ?**

- ਮਰੀਜ਼ਾਂ ਨੂੰ ਯਾਦ ਕਰਵਾਉਣ ਵਾਲੀਆਂ ਚਿੱਠੀਆਂ ਦੁਬਾਰਾ ਸ਼ੁਰੂ ਹੋ ਜਾਣਗੀਆਂ।
- ਬਰੈੱਸਟ ਸਕਰੀਨਿੰਗ ਪ੍ਰੋਗਰਾਮ ਲਈ ਯੋਗਤਾ, ਗਾਈਡਲਾਈਨਾਂ ਅਤੇ ਕਾਰਜਾਂ ਵਿਚ ਕੋਈ ਤਬਦੀਲੀ ਨਹੀਂ ਹੋਈ।